Name - ____________ **Final Term Test (2024-25)** Date – 07.03.25

Roll No. __________ ਜਮਾਤ – ਪੰਜਵੀਂ Subject-Punjabi

Time -2 hrs 30 mins M.Marks : 60

(ਭਾਗ – ੳ)

**(ੳ) ਬਹੁ-ਵਿਕਲਪੀ ਪ੍ਰਸ਼ਨ-** (3)

1.ਕੁੜੀਆਂ ਦੇ ਭਾਗ ਕਿਵੇਂ ਜਾਗ ਸਕਦੇ ਹਨ? (ਵਿਹਲੇ ਬੈਠ ਕੇ, ਉੱਚੀ ਵਿੱਦਿਆ ਹਾਸਲ ਕਰਕੇ, ਨਿਰਾਸ਼ ਹੋ ਕੇ)

2.ਮਾਤਾ ਜੀ ਦੇ ਨਾਲ ਕੌਣ-ਕੌਣ ਸਨ ? (ਪੁੱਤਰ, ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ)

3.ਮੋਹਰਾਂ ਵਾਲੀਆਂ ਥੈਲੀਆਂ ਕਿਸਨੇ ਚੁੱਕੀਆਂ ਸਨ? (ਨੌਕਰ ਨੇ, ਚੋਰ ਨੇ, ਗੰਗੂ ਨੇ)

4.ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਹੜਾ ਸਨਮਾਨ ਦਿੱਤਾ? (ਭਾਰਤ ਰਤਨ, ਪਦਮ ਸ਼੍ਰੀ, ਨੋਬਲ ਪੁਰਸਕਾਰ)

5.ਮਿਲਖਾ ਸਿੰਘ ਕਿਹੋ ਜਿਹੇ ਪਰਿਵਾਰ ਵਿੱਚ ਜੰਮਿਆ ਪਲਿਆ? (ਸਧਾਰਨ ਪਰਿਵਾਰ,ਗ਼ਰੀਬ ਪਰਿਵਾਰ,ਸ਼ਾਹੀ ਪਰਿਵਾਰ)

6.ਕਵੀ ਕਿੰਨ੍ਹਾਂ ਦੇ ਸਿਰ ਤੇ ਸ਼ਬਦਾਂ ਦਾ ਚੰਦੋਆ ਸਲਾਮਤ ਰੱਖਣਾ ਚਾਹੁੰਦਾ ਹੈ? (ਕੰਧਾਂ ਦੇ, ਕਿਤਾਬਾਂ ਦੇ, ਧੀਆਂ ਦੇ)

**(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।** (10)

7. ਮਿਲਖਾ ਸਿੰਘ ਦੇ ਨਾਂ ਨਾਲ ਫਲਾਇੰਗ ਸਿੱਖ ਸ਼ਬਦ ਕਿਵੇਂ ਜੁੜਿਆ?

8. ਹਨ੍ਹੇਰ ਕਿਸ ਕੋਲੋਂ ਥਰ-ਥਰ ਕੰਬਦਾ ਹੈ?

9. ਸ਼ਬਦਾਂ ਦੀ ਛਾਂ ਵਿੱਚ ਵਿਅਕਤੀ ਨੂੰ ਕੀ ਆ ਜਾਂਦਾ ਹੈ?

10. ਮਾਤਾ ਜੀ ਬੱਚਿਆਂ ਨੂੰ ਕੀ ਸਮਝਾ ਰਹੇ ਸਨ?

11. ਮਿਲਖਾ ਸਿੰਘ ਦਿੱਲੀ ਕਿਵੇਂ ਪਹੁੰਚਿਆ?

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (4)

12. ਤਵੀ – (ਰੋਸ / ਵੱਡਾ ਤਵਾ / ਕੰਡੇ )

13. ਜਰਨਾ – (ਵਿਸ਼ਵਾਸ / ਹਫ਼ਤਾਵਾਰ / ਸਹਿਣਾ)

14. ਤੋਰ – (ਚਾਲ / ਨਸੀਬ / ਗਾਇਬ)

15. ਮੁੱਖੜੇ – (ਦੇਣਾ / ਚਿਹਰੇ / ਤੇਜ਼ੀ)

16. ਗਰਾਊਂਡ – (ਅੰਦਾਜ਼ਾ / ਛੋਟੇ ਬੂਟੇ / ਮੈਦਾਨ)

17. ਸੰਸਾਰ – (ਦੁਨੀਆ / ਸਹੇਲੀ / ਨਾਂ ਹੋ ਸਕਣ ਵਾਲਾ)

18. ਰਿਪੋਰਟ – (ਯੋਜਨਾ / ਸਾਜਿਸ਼ / ਖ਼ਬਰ)

19. ਤਿੜਕਣਾ – (ਟੁੱਟਣਾ / ਜੋੜਨਾ / ਮੁਲਾਕਾਤ)

**(ਸ) ਖ਼ਾਲੀ ਥਾਵਾਂ ਭਰੋ।** (2)

20. ਜੇਤੂ ਖਿਡਾਰੀਆਂ ਦੇ __________ ਤੋਂ ਮਿਲਖਾ ਸਿੰਘ ਨੂੰ ਬਹੁਤ ਉਤਸ਼ਾਹ ਮਿਲਿਆ।

21. ਮਿਲਖਾ ਸਿੰਘ ਸਾਡਾ __________ ਹੈ ਜਿਸਨੇ ਭਾਰਤ ਦਾ ਨਾਂ ਸਾਰੇ ਸੰਸਾਰ ਵਿੱਚ ਉੱਚਾ ਕੀਤਾ।

(ਹ) ਵਾਕ ਬਣਾਉ – (3)

22. ਦੁੱਖ-ਸੁੱਖ – ______________________________________________।

23. ਦਰਬਾਰ – ______________________________________________।

24. ਕੌਮੀ ਤਰਾਨਾ – ______________________________________________।

(ਕ) ਲਿੰਗ ਬਦਲੀ ਕਰੋ। (2)

25. ਖਿਡਾਰੀ ਦੌੜ ਰਿਹਾ ਹੈ। ____________________________।

26. ਪੁੱਤਰ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ। ____________________________।

(ਖ) ਵਿਰੋਧੀ ਸ਼ਬਦ ਲਿਖੋ। (2)

27. ਬੱਚੇ – ________

28. ਸਰਦੀ – ________

(ਗ) ਕਿਸਨੇ ਕਿਸਨੂੰ ਕਿਹਾ– (1)

29. "ਵੇਖ ਲਵੋ ਸਰਕਾਰ, ਸਜ਼ਾ ਨਾ ਦਿੱਤੀ ਤਾਂ ਤੁਹਾਨੂੰ ਪਛਤਾਉਣਾ ਪਵੇਗਾ।"

____________________________।

(ਘ) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ– (2)

ਚਾਨਣ ਵਾਲੀ ਸੋਚ ਹਮੇਸ਼ਾ ਸੀਸ ਉਠਾ ਕੇ ਤੁਰਦੀ,
ਸ਼ਬਦ ਵਿਹੂਣੀ ਦੁਨੀਆ ਕੱਚੀਆਂ ਕੰਧਾਂ ਵਾਂਗੂੰ ਭੁਰਦੀ,
ਸੋਚ ਜਦੋਂ ਵੀ ਪਾਸਾ ਪਰਤੇ, ਚਿੜੀਆਂ ਬਾਜ਼ ਦਵੱਲੇ।
ਉੱਠ ਨੀ ਕੁੜੀਏ , ਜਾਗ ਨੀ ਕੁੜੀਏ,
ਜਾਗਣ ਤੇਰੇ ਭਾਗ ਨੀਂ ਕੁੜੀਏ।

30. ਪ੍ਰਸ਼ਨ– ਉਪਰੋਕਤ ਕਾਵਿ-ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

31. ਪ੍ਰਸ਼ਨ– 'ਵਿਹੂਣੀ' ਸ਼ਬਦ ਦਾ ਸ਼ਾਬਦਿਕ ਅਰਥ ਕੀ ਹੈ?

ਭਾਗ ( ਅ)

(ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ– (3)

32. ਜੋ ਦਿਲ ਦੀਆਂ ਜਾਣਦਾ ਹੋਵੇ – _______

33. ਜਿਹੜੀ ਗੱਲ ਆਪਣੇ ਨਾਲ ਬੀਤੀ ਹੋਵੇ – _______

34. ਝੂਠੀ ਪ੍ਰਸ਼ੰਸਾ ਕਰਨ ਵਾਲਾ – _______

**(ਅ) ਅਗੇਤਰ –** (2)

35. ਮਨ – _______

36. ਬਦ – _______

**(ੲ) ਪਿਛੇਤਰ –** (2)

37. ਵਾਨ – _______

38. ਬਾਜ਼ – _______

(ਸ) ਗਿਣਤੀ – (4)

39. (85) – _______

40. (99) – _______

41. (91) – _______

42. (88) – _______

(ਹ) ਅਣਡਿੱਠਾ ਪੈਰ੍ਹਾ (4)

ਪੰਛੀਆਂ ਦੀ ਵੀ ਆਪਣੀ ਹੀ ਦੁਨੀਆ ਹੈ। ਹਰ ਪੰਛੀ ਦੇ ਆਪਣੇ ਗੁਣ ਹਨ। ਇਹਨਾਂ ਪੰਛੀਆਂ ਵਿੱਚ ਬਾਜ ਆਪਣੇ ਹੀ ਵਿਸ਼ੇਸ਼ ਗੁਣਾਂ ਦਾ ਮਾਲਕ ਹੈ। ਬਾਜ ਦੀਆਂ ਅੱਖਾਂ ਦੀ ਨਿਗਾਹ ਬਹੁਤ ਤੇਜ਼ ਹੁੰਦੀ ਹੈ। ਇਹ ਦੂਰ ਤੋਂ ਹੀ ਛੋਟੀ ਤੋਂ ਛੋਟੀ ਚੀਜ਼ ਨੂੰ ਵੇਖ ਲੈਂਦਾ ਹੈ। ਬਾਜ ਦਾ ਹੋਰ ਵੱਡਾ ਗੁਣ ਇਹ ਹੈ ਕਿ ਇਹ ਆਪਣੇ ਮਾਲਕ ਦਾ ਬਹੁਤ ਵਫ਼ਾਦਾਰ ਹੁੰਦਾ ਹੈ। ਇਹ ਪਿਆਰਾ ਤੇ ਸੁਹਣਾ ਪੰਛੀ ਵੀ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥ ਤੇ ਬਾਜ ਸਜਾ ਕੇ ਰੱਖਦੇ ਸਨ। ਇੱਕ ਸਮੇਂ ਦੀ ਗੱਲ ਹੈ। ਇੱਕ ਰਾਜਾ ਸੀ। ਉਸਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ। ਉਸ ਦੇ ਕੋਲ ਇੱਕ ਬਾਜ ਸੀ। ਜਦੋਂ ਰਾਜਾ ਸ਼ਿਕਾਰ ਖੇਡਣ ਜਾਂਦਾ ਤਾਂ ਇਹ ਉੱਡ ਕੇ ਆਲੇ-ਦੁਆਲੇ ਜਾਂਦਾ ਤੇ ਸ਼ਿਕਾਰ ਦਾ ਪਤਾ ਕਰਕੇ ਆਉਂਦਾ ਤੇ ਰਾਜੇ ਨੂੰ ਦੱਸਦਾ। ਰਾਜਾ ਇਸ ਨੂੰ ਬਹੁਤ ਸ਼ਿੰਗਾਰ ਕੇ ਰੱਖਦਾ। ਰਾਜੇ ਨੇ ਬਾਜ ਦੇ ਸਿਰ ਤੇ ਬਹੁਤ ਸੁਹਣੀ ਟੋਪੀ ਪਾਈ ਹੋਈ ਸੀ। ਇਸ ਨਾਲ ਉਹ ਪੰਛੀਆਂ ਦਾ ਰਾਜਾ ਲੱਗਦਾ ਸੀ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**

43. ਬਾਜ ਦੇ ਕੋਈ ਦੋ ਵਿਸ਼ੇਸ਼ ਗੁਣ ਦੱਸੋ।

44. ਰਾਜੇ ਨੂੰ ਕਿਸ ਚੀਜ਼ ਦਾ ਸ਼ੌਕ ਸੀ?

45. ਪੈਰ੍ਹੇ ਵਿੱਚੋਂ ਕੋਈ ਇੱਕ ਨਾਂਵ ਅਤੇ ਇੱਕ ਪੜਨਾਂਵ ਸ਼ਬਦ ਚੁਣ ਕੇ ਲਿਖੋ।

46. ਪੈਰ੍ਹੇ ਵਿੱਚੋਂ **'ਨੌਕਰ'** ਸ਼ਬਦ ਦਾ ਵਿਰੋਧੀ ਸ਼ਬਦ ਲੱਭ ਕੇ ਲਿਖੋ।

47. ਲੇਖ– ਹੇਠ ਲਿਖੇ ਦਿਸ਼ਾ ਨਿਰਦੇਸ਼ਾਂ ਨੂੰ ਪੜ੍ਹ ਕੇ ਲੇਖ ਲਿਖੋ। (6)

ਤਿਰੰਗਾ

**ਦਿਸ਼ਾ ਨਿਰਦੇਸ਼–** ਭੂਮਿਕਾ......, ਰਾਸ਼ਟਰੀ ਚਿੰਨ੍ਹ ....., ਭਾਰਤ ਦੇ ਰਾਸ਼ਟਰੀ ਚਿੰਨ੍ਹ ....., ਕੌਮੀ ਝੰਡਾ..., ਤਿਰੰਗੇ ਦੀ ਬਣਤਰ..., ਤਿਰੰਗੇ ਵਿਚਲੇ ਰੰਗ..., ਅਸ਼ੋਕ ਚੱਕਰ..., ਲਹਿਰਾਉਣ ਦਾ ਸਮਾਂ...., ਦੇਸ਼ ਦੀ ਸ਼ਾਨ....., ਮਾਣ-ਸਨਮਾਨ....

48. ਅਰਜ਼ੀ (6)

ਮੰਨ ਲਓ ਕਿ ਤੁਹਾਡਾ ਨਾਂ ਜਸਨੂਰ ਹੈ ਤੇ ਤੁਸੀਂ ਆਪਣੇ ਸਕੂਲ ਵਿੱਚ ਪੰਜਵੀਂ ਜਮਾਤ ਦੇ ਵਿਦਿਆਰਥੀ /ਵਿਦਿਆਰਥਣ ਹੋ। ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਬਿਮਾਰੀ ਸੰਬੰਧੀ ਦੋ ਦਿਨ ਦੀ ਛੁੱਟੀ ਲੈਣ ਲਈ ਅਰਜ਼ੀ ਲਿਖੋ।

49. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਚਾਰ ਸਤਰਾਂ ਲਿਖੋ। (4)



(ੳ) ____________________________________________।

(ਅ) ____________________________________________।

(ੲ) ____________________________________________।

(ਸ) ____________________________________________।

**Name - ____________**
**Roll No. __________**
**Time -2 hr 30 mins**

**Final Term Test ( 2024-25)**
ਜਮਾਤ - ਪੰਜਵੀਂ
Ans Key

**Date – 07.03.25**
**Subject-Punjabi**
**M.Marks : 60**

(ਭਾਗ - ੳ)

(ੳ) ਬਹੁ-ਵਿਕਲਪੀ ਪ੍ਰਸ਼ਨ- (3)

1.ਕੁੜੀਆਂ ਦੇ ਭਾਗ ਕਿਵੇਂ ਜਾਗ ਸਕਦੇ ਹਨ? (ਵਿਹਲੇ ਬੈਠ ਕੇ, **ਉੱਚੀ ਵਿੱਦਿਆ ਹਾਸਲ ਕਰਕੇ**, ਨਿਰਾਸ਼ ਹੋ ਕੇ)

2.ਮਾਤਾ ਜੀ ਦੇ ਨਾਲ ਕੌਣ-ਕੌਣ ਸਨ ? (ਪੁੱਤਰ, ਵੱਡੇ ਸਾਹਿਬਜ਼ਾਦੇ, **ਛੋਟੇ ਸਾਹਿਬਜ਼ਾਦੇ**)

3.ਮੋਹਰਾਂ ਵਾਲੀਆਂ ਥੈਲੀਆਂ ਕਿਸਨੇ ਚੁੱਕੀਆਂ ਸਨ? (ਨੌਕਰ ਨੇ, ਚੋਰ ਨੇ, **ਗੰਗੂ ਨੇ**)

4.ਭਾਰਤ ਸਰਕਾਰ ਨੇ ਮਿਲਖਾ ਸਿੰਘ ਨੂੰ ਕਿਹੜਾ ਸਨਮਾਨ ਦਿੱਤਾ? (ਭਾਰਤ ਰਤਨ, **ਪਦਮ ਸ਼੍ਰੀ**, ਨੋਬਲ ਪੁਰਸਕਾਰ)

5.ਮਿਲਖਾ ਸਿੰਘ ਕਿਹੋ ਜਿਹੇ ਪਰਿਵਾਰ ਵਿੱਚ ਜੰਮਿਆ ਪਲਿਆ? (**ਸਧਾਰਨ ਪਰਿਵਾਰ**,ਗ਼ਰੀਬ ਪਰਿਵਾਰ,ਸ਼ਾਹੀ ਪਰਿਵਾਰ)

6.ਕਵੀ ਕਿੰਨ੍ਹਾਂ ਦੇ ਸਿਰ ਤੇ ਸ਼ਬਦਾਂ ਦਾ ਚੰਦੋਆ ਸਲਾਮਤ ਰੱਖਣਾ ਚਾਹੁੰਦਾ ਹੈ? (ਕੰਧਾਂ ਦੇ, ਕਿਤਾਬਾਂ ਦੇ, **ਧੀਆਂ ਦੇ**)

(ਅ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। (10)

7. ਮਿਲਖਾ ਸਿੰਘ ਦੇ ਨਾਂ ਨਾਲ ਫਲਾਇੰਗ ਸਿੱਖ ਸ਼ਬਦ ਕਿਵੇਂ ਜੁੜਿਆ?

**ਉੱਤਰ-1958 ਵਿੱਚ ਹੋਈਆਂ ਕਾਮਨਵੈਲਥ ਦੌੜਾਂ ਵਿੱਚ ਜਦੋਂ ਮਿਲਖਾ ਸਿੰਘ ਬਹੁਤ ਤੇਜ਼ ਦੌੜ ਕੇ ਕਾਫ਼ੀ ਫ਼ਰਕ ਨਾਲ ਜਿੱਤਿਆ ਤਾਂ ਪਾਕਿਸਤਾਨੀ ਅਨਾਊਂਸਰ ਨੇ ਉਸਨੂੰ ਇਹ ਨਾਂ ਦੇ ਕੇ ਨਿਵਾਜ਼ਿਆ।**

8. ਹਨ੍ਹੇਰ ਕਿਸ ਕੋਲੋਂ ਥਰ-ਥਰ ਕੰਬਦਾ ਹੈ?

**ਉੱਤਰ- ਹਨ੍ਹੇਰ ਗਿਆਨ ਰੱਖਣ ਵਾਲੇ ਵਿਅਕਤੀਆਂ ਕੋਲੋਂ ਥਰ-ਥਰ ਕੰਬਦਾ ਹੈ।**

9. ਸ਼ਬਦਾਂ ਦੀ ਛਾਂ ਵਿੱਚ ਵਿਅਕਤੀ ਨੂੰ ਕੀ ਆ ਜਾਂਦਾ ਹੈ?

**ਉੱਤਰ- ਸ਼ਬਦਾਂ ਦੀ ਛਾਂ ਵਿੱਚ ਵਿਅਕਤੀ ਨੂੰ ਹਰ ਦੁੱਖ-ਸੁੱਖ ਜਰਨਾ ਆ ਜਾਂਦਾ ਹੈ।**

10. ਮਾਤਾ ਜੀ ਬੱਚਿਆਂ ਨੂੰ ਕੀ ਸਮਝਾ ਰਹੇ ਸਨ?

**ਉੱਤਰ- ਮਾਤਾ ਜੀ ਬੱਚਿਆਂ ਨੂੰ ਆਪਣੇ ਧਰਮ ਤੇ ਪੱਕਾ ਰਹਿਣ ਬਾਰੇ ਸਮਝਾ ਰਹੇ ਸਨ।**

11. ਮਿਲਖਾ ਸਿੰਘ ਦਿੱਲੀ ਕਿਵੇਂ ਪਹੁੰਚਿਆ?

**ਉੱਤਰ- 1947 ਵਿੱਚ ਦੇਸ਼ ਦੀ ਵੰਡ ਸਮੇਂ ਹੋਏ ਫਸਾਦਾਂ ਵਿੱਚ ਮਿਲਖਾ ਸਿੰਘ ਦੇ ਮਾਤਾ-ਪਿਤਾ ਦੇ ਮਾਰੇ ਜਾਣ ਤੋਂ ਬਾਅਦ ਉਹ ਸ਼ਰਨਾਰਥੀ ਕੈਂਪਾਂ ਵਿੱਚ ਰੁਲਦਾ ਦਿੱਲੀ ਪਹੁੰਚ ਗਿਆ।**

**(ੲ) ਸ਼ਬਦਾਂ ਦੇ ਸਹੀ ਅਰਥ ਉੱਤੇ ਨਿਸ਼ਾਨ ਲਗਾਉ।** (4)

12. ਤਵੀ – (ਰੋਸ / **ਵੱਡਾ ਤਵਾ** / ਕੰਡੇ )
13. ਜਰਨਾ – (ਵਿਸ਼ਵਾਸ / ਹਫ਼ਤਾਵਾਰ / **ਸਹਿਣਾ**)
14. ਤੋਰ – (**ਚਾਲ** / ਨਸੀਬ / ਗਾਇਬ)
15. ਮੁੱਖੜੇ – (ਦੇਣਾ / **ਚਿਹਰੇ** / ਤੇਜ਼ੀ)
16. ਗਰਾਊਂਡ – (ਅੰਦਾਜ਼ਾ / ਛੋਟੇ ਬੂਟੇ / **ਮੈਦਾਨ**)
17. ਸੰਸਾਰ – (**ਦੁਨੀਆ** / ਸਹੇਲੀ / ਨਾਂ ਹੋ ਸਕਣ ਵਾਲਾ)
18. ਰਿਪੋਰਟ – (ਯੋਜਨਾ / ਸਾਜਿਸ਼ / **ਖ਼ਬਰ**)
19. ਤਿੜਕਣਾ – (**ਟੁੱਟਣਾ** / ਜੋੜਨਾ / ਮੁਲਾਕਾਤ)

**(ਸ) ਖ਼ਾਲੀ ਥਾਵਾਂ ਭਰੋ।** (2)

20. ਜੇਤੂ ਖਿਡਾਰੀਆਂ ਦੇ **ਸ਼ਾਹੀ ਸਨਮਾਨ** ਤੋਂ ਮਿਲਖਾ ਸਿੰਘ ਨੂੰ ਬਹੁਤ ਉਤਸ਼ਾਹ ਮਿਲਿਆ।

21. ਮਿਲਖਾ ਸਿੰਘ ਸਾਡਾ **ਦੌੜਾਕ** ਹੈ ਜਿਸਨੇ ਭਾਰਤ ਦਾ ਨਾਂ ਸਾਰੇ ਸੰਸਾਰ ਵਿੱਚ ਉੱਚਾ ਕੀਤਾ।

**(ਹ) ਵਾਕ ਬਣਾਉ –** (3)

22. ਦੁੱਖ-ਸੁੱਖ – **ਮਨੁੱਖ ਦੀ ਜ਼ਿੰਦਗੀ ਵਿੱਚ ਦੁੱਖ-ਸੁੱਖ ਆਉਂਦੇ ਰਹਿੰਦੇ ਹਨ।** (ਕੋਈ ਵੀ ਹੋਰ)
23. ਦਰਬਾਰ – **ਰਾਜਾ ਦਾ ਦਰਬਾਰ ਸਜਿਆ ਹੋਇਆ ਸੀ।** (ਕੋਈ ਵੀ ਹੋਰ)
24. ਕੌਮੀ ਤਰਾਨਾ – **ਜਣ-ਗਣ-ਮਨ ਸਾਡਾ ਕੌਮੀ ਤਰਾਨਾ ਹੈ।** (ਕੋਈ ਵੀ ਹੋਰ)

**(ਕ) ਲਿੰਗ ਬਦਲੀ ਕਰੋ।** (2)

25. ਖਿਡਾਰੀ ਦੌੜ ਰਿਹਾ ਹੈ। **ਖਿਡਾਰਨ ਦੌੜ ਰਹੀ ਹੈ।**

26. ਪੁੱਤਰ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ। **ਧੀ/ਪੁੱਤਰੀ ਨੂੰ ਸਕੂਲ ਵਿੱਚ ਪੜ੍ਹਨ ਲਈ ਭੇਜੋ।**

**(ਖ) ਵਿਰੋਧੀ ਸ਼ਬਦ ਲਿਖੋ।** (2)

27. ਬੱਚੇ – **ਬੁੱਢੇ**

28. ਸਰਦੀ – **ਗਰਮੀ**

**(ਗ) ਕਿਸਨੇ ਕਿਸਨੂੰ ਕਿਹਾ–** (1)

29. "ਵੇਖ ਲਵੋ ਸਰਕਾਰ, ਸਜ਼ਾ ਨਾ ਦਿੱਤੀ ਤਾਂ ਤੁਹਾਨੂੰ ਪਛਤਾਉਣਾ ਪਵੇਗਾ।"

**ਸੁੱਚਾ ਨੰਦ ਨੇ ਵਜ਼ੀਰ ਖਾਂ ਨੂੰ।**

**(ਘ) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ–** (2)

ਚਾਨਣ ਵਾਲੀ ਸੋਚ ਹਮੇਸ਼ਾ ਸੀਸ ਉਠਾ ਕੇ ਤੁਰਦੀ,
ਸ਼ਬਦ ਵਿਹੂਣੀ ਦੁਨੀਆ ਕੱਚੀਆਂ ਕੰਧਾਂ ਵਾਂਗੂੰ ਭੁਰਦੀ,
ਸੋਚ ਜਦੋਂ ਵੀ ਪਾਸਾ ਪਰਤੇ, ਚਿੜੀਆਂ ਬਾਜ਼ ਦਵੱਲੇ।
ਉੱਠ ਨੀ ਕੁੜੀਏ , ਜਾਗ ਨੀ ਕੁੜੀਏ,
ਜਾਗਣ ਤੇਰੇ ਭਾਗ ਨੀਂ ਕੁੜੀਏ।

30. ਪ੍ਰਸ਼ਨ– ਉਪਰੋਕਤ ਕਾਵਿ–ਟੋਟਾ ਕਿਸ ਕਵਿਤਾ ਵਿੱਚੋਂ ਲਿਆ ਗਿਆ ਹੈ?

ਉੱਤਰ– **ਉਪਰੋਕਤ ਕਾਵਿ–ਟੋਟਾ 'ਗੀਤ' ਕਵਿਤਾ ਵਿੱਚੋਂ ਲਿਆ ਗਿਆ ਹੈ।**

31. ਪ੍ਰਸ਼ਨ– 'ਵਿਹੂਣੀ' ਸ਼ਬਦ ਦਾ ਸ਼ਾਬਦਿਕ ਅਰਥ ਕੀ ਹੈ?

ਉੱਤਰ–**'ਵਿਹੂਣੀ' ਸ਼ਬਦ ਦਾ ਸ਼ਾਬਦਿਕ ਅਰਥ 'ਸੱਖਣੀ ਜਾਂ ਤੋਂ ਬਿਨਾਂ' ਹੈ।**

## ਭਾਗ ( ਅ)

**(ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ–** (3)

32. ਜੋ ਦਿਲ ਦੀਆਂ ਜਾਣਦਾ ਹੋਵੇ – **ਅੰਤਰਜਾਮੀ**
33. ਜਿਹੜੀ ਗੱਲ ਆਪਣੇ ਨਾਲ ਬੀਤੀ ਹੋਵੇ – **ਆਪਬੀਤੀ**
34. ਝੂਠੀ ਪ੍ਰਸ਼ੰਸਾ ਕਰਨ ਵਾਲਾ – **ਚਾਪਲੂਸ**

**(ਅ) ਅਗੇਤਰ –** (2)

35. ਮਨ – **ਮਨਘੜਤ, ਮਨਪਸੰਦ** (ਕੋਈ ਵੀ ਹੋਰ)
36. ਬਦ – **ਬਦਨਾਮ, ਬਦਕਿਸਮਤ** (ਕੋਈ ਵੀ ਹੋਰ)

**(ੲ) ਪਿਛੇਤਰ –** (2)

37. ਵਾਨ – **ਧਨਵਾਨ , ਰੂਪਵਾਨ** (ਕੋਈ ਵੀ ਹੋਰ)
38. ਬਾਜ਼ – **ਦਗ਼ਾਬਾਜ਼ , ਧੋਖੇਬਾਜ਼** (ਕੋਈ ਵੀ ਹੋਰ)

**(ਸ) ਗਿਣਤੀ –** (4)

39. (85) – **ਪਚਾਸੀ**
40. (99) – **ਨੜਿੱਨਵੇਂ**
41. (91) – **ਇਕਾਨਵੇਂ**
42. (88) – **ਅਠਾਸੀ**

**(ਹ) ਅਣਡਿੱਠਾ ਪੈਰ੍ਹਾ** (4)

ਪੰਛੀਆਂ ਦੀ ਵੀ ਆਪਣੀ ਹੀ ਦੁਨੀਆ ਹੈ।ਹਰ ਪੰਛੀ ਦੇ ਆਪਣੇ ਗੁਣ ਹਨ।ਇਨ੍ਹਾਂ ਪੰਛੀਆਂ ਵਿੱਚ ਬਾਜ ਆਪਣੇ ਹੀ ਵਿਸ਼ੇਸ਼ ਗੁਣਾਂ ਦਾ ਮਾਲਕ ਹੈ।ਬਾਜ ਦੀਆਂ ਅੱਖਾਂ ਦੀ ਨਿਗਾਹ ਬਹੁਤ ਤੇਜ਼ ਹੁੰਦੀ ਹੈ।ਇਹ ਦੂਰ ਤੋਂ ਹੀ ਛੋਟੀ ਤੋਂ ਛੋਟੀ ਚੀਜ਼ ਨੂੰ ਵੇਖ ਲੈਂਦਾ ਹੈ।ਬਾਜ ਦਾ ਹੋਰ ਵੱਡਾ ਗੁਣ ਇਹ ਹੈ ਕਿ ਇਹ ਆਪਣੇ ਮਾਲਕ ਦਾ ਬਹੁਤ ਵਫ਼ਾਦਾਰ ਹੁੰਦਾ ਹੈ।ਇਹ ਪਿਆਰਾ ਤੇ ਸੁਹਣਾ ਪੰਛੀ ਵੀ ਹੈ।ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਆਪਣੇ ਹੱਥ ਤੇ ਬਾਜ ਸਜਾ ਕੇ ਰੱਖਦੇ ਸਨ।ਇੱਕ ਸਮੇਂ ਦੀ ਗੱਲ ਹੈ।ਇੱਕ ਰਾਜਾ ਸੀ।ਉਸਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ।ਉਸ ਦੇ ਕੋਲ ਇੱਕ ਬਾਜ ਸੀ।ਜਦੋਂ ਰਾਜਾ ਸ਼ਿਕਾਰ ਖੇਡਣ ਜਾਂਦਾ ਤਾਂ ਇਹ ਉੱਡ ਕੇ ਆਲੇ-ਦੁਆਲੇ ਜਾਂਦਾ ਤੇ ਸ਼ਿਕਾਰ ਦਾ ਪਤਾ ਕਰਕੇ ਆਉਂਦਾ ਤੇ ਰਾਜੇ ਨੂੰ ਦੱਸਦਾ।ਰਾਜਾ ਇਸ ਨੂੰ ਬਹੁਤ ਸ਼ਿੰਗਾਰ ਕੇ ਰੱਖਦਾ।ਰਾਜੇ ਨੇ ਬਾਜ ਦੇ ਸਿਰ ਤੇ ਬਹੁਤ ਸੁਹਣੀ ਟੋਪੀ ਪਾਈ ਹੋਈ ਸੀ।ਇਸ ਨਾਲ ਉਹ ਪੰਛੀਆਂ ਦਾ ਰਾਜਾ ਲੱਗਦਾ ਸੀ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ**

43. ਬਾਜ ਦੇ ਕੋਈ ਦੋ ਵਿਸ਼ੇਸ਼ ਗੁਣ ਦੱਸੋ।

**ਉੱਤਰ- ਬਾਜ ਦੀ ਨਿਗਾਹ ਬਹੁਤ ਤੇਜ਼ ਹੁੰਦੀ ਹੈ ਅਤੇ ਇਹ ਆਪਣੇ ਮਾਲਕ ਦਾ ਬਹੁਤ ਵਫ਼ਾਦਾਰ ਹੁੰਦਾ ਹੈ।**

44. ਰਾਜੇ ਨੂੰ ਕਿਸ ਚੀਜ਼ ਦਾ ਸ਼ੌਕ ਸੀ?

**ਉੱਤਰ-ਰਾਜੇ ਨੂੰ ਸ਼ਿਕਾਰ ਖੇਡਣ ਦਾ ਬਹੁਤ ਸ਼ੌਕ ਸੀ।**

45. ਪੈਰ੍ਹੇ ਵਿੱਚੋਂ ਕੋਈ ਇੱਕ ਨਾਂਵ ਅਤੇ ਇੱਕ ਪੜਨਾਂਵ ਸ਼ਬਦ ਚੁਣ ਕੇ ਲਿਖੋ।

**ਉੱਤਰ- ਨਾਂਵ- ਰਾਜਾ, ਬਾਜ , ਪੜਨਾਂਵ- ਇਹ, ਇਨ੍ਹਾਂ (ਕੋਈ ਵੀ ਹੋਰ)**

46. **ਪੈਰ੍ਹੇ ਵਿੱਚੋਂ 'ਨੌਕਰ' ਸ਼ਬਦ ਦਾ ਵਿਰੋਧੀ ਸ਼ਬਦ ਲੱਭ ਕੇ ਲਿਖੋ-**

ਨੌਕਰ – **ਮਾਲਕ**

47. ਲੇਖ- ਹੇਠ ਲਿਖੇ ਦਿਸ਼ਾ ਨਿਰਦੇਸ਼ਾਂ ਨੂੰ ਪੜ੍ਹ ਕੇ ਲੇਖ ਲਿਖੋ। (6)

ਤਿਰੰਗਾ

**ਦਿਸ਼ਾ ਨਿਰਦੇਸ਼-** ਭੂਮਿਕਾ……, ਰਾਸ਼ਟਰੀ ਚਿੰਨ੍ਹ ….., ਭਾਰਤ ਦੇ ਰਾਸ਼ਟਰੀ ਚਿੰਨ੍ਹ ….., ਕੌਮੀ ਝੰਡਾ…, ਤਿਰੰਗੇ ਦੀ ਬਣਤਰ…, ਤਿਰੰਗੇ ਵਿਚਲੇ ਰੰਗ…, ਅਸ਼ੋਕ ਚੱਕਰ…, ਲਹਿਰਾਉਣ ਦਾ ਸਮਾਂ…., ਦੇਸ਼ ਦੀ ਸ਼ਾਨ….., ਮਾਣ-ਸਨਮਾਨ…

ਹਰ ਇੱਕ ਸੁਤੰਤਰ ਦੇਸ਼ ਦੇ ਆਪਣੇ ਕੁਝ ਚਿੰਨ੍ਹ ਹੁੰਦੇ ਹਨ ਜਿਨ੍ਹਾਂ ਨੂੰ ਰਾਸ਼ਟਰੀ ਚਿੰਨ੍ਹ ਕਿਹਾ ਜਾਂਦਾ ਹੈ।ਸਾਡਾ ਭਾਰਤ ਵੀ ਇੱਕ ਸੁਤੰਤਰ ਦੇਸ਼ ਹੈ ਤੇ ਇਸਦੇ ਆਪਣੇ ਕਈ ਰਾਸ਼ਟਰੀ ਚਿੰਨ੍ਹ ਹਨ ਜਿਵੇਂ ਕਿ ਰਾਸ਼ਟਰੀ ਖੇਡ ਹਾਕੀ, ਰਾਸ਼ਟਰੀ ਭਾਸ਼ਾ ਹਿੰਦੀ, ਰਾਸ਼ਟਰੀ ਫਲ ਅੰਬ, ਰਾਸ਼ਟਰੀ ਦਰੱਖ਼ਤ ਬਰਗਦ ਅਤੇ ਰਾਸ਼ਟਰੀ ਗੀਤ ਜਣ-ਗਣ-ਮਨ ਆਦਿ।ਇਸੇ ਤਰ੍ਹਾਂ ਸਾਡਾ ਰਾਸ਼ਟਰੀ ਝੰਡਾ ਤਿਰੰਗਾ ਹੈ।ਤਿਰੰਗੇ ਦਾ ਅਰਥ ਹੈ ਤਿੰਨ ਰੰਗਾਂ ਵਾਲਾ।ਸਾਡੇ ਤਿਰੰਗੇ ਵਿੱਚ ਤਿੰਨ ਰੰਗ ਹਨ- ਕੇਸਰੀ, ਚਿੱਟਾ ਅਤੇ ਹਰਾ।ਸਭ ਤੋਂ ਉੱਪਰ ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਹੈ।ਵਿਚਕਾਰ ਵਾਲਾ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਹੈ ਅਤੇ ਸਭ ਤੋਂ ਹੇਠਾਂ ਹਰਾ ਰੰਗ ਹਰਿਆਲੀ ਅਤੇ ਖੁਸ਼ਹਾਲੀ ਨੂੰ ਦਰਸਾਉਂਦਾ ਹੈ।ਵਿਚਕਾਰ ਵਾਲੀ ਚਿੱਟੀ ਪੱਟੀ ਉੱਪਰ ਅਸ਼ੋਕ ਚੱਕਰ ਬਣਿਆ ਹੋਇਆ ਹੈ।ਇਸ ਚੱਕਰ ਵਿੱਚ ਚੌਵੀ ਰੇਖਾਵਾਂ ਬਣੀਆਂ ਹੋਈਆਂ ਹਨ ਜੋ ਕਿ ਚੌਵੀ ਘੰਟੇ ਕੰਮ ਕਰਦੇ ਰਹਿਣ ਦਾ ਸੰਕੇਤ ਦਿੰਦੀਆਂ ਹਨ।ਕੌਮੀ ਝੰਡਾ 15 ਅਗਸਤ ਅਤੇ 26 ਜਨਵਰੀ ਨੂੰ ਲਹਿਰਾਇਆ ਜਾਂਦਾ ਹੈ।ਤਿਰੰਗਾ ਭਾਰਤ ਦੀ ਆਨ-ਬਾਨ ਅਤੇ ਸ਼ਾਨ ਹੈ।ਅਸੀਂ ਸਾਰੇ ਤਿਰੰਗੇ ਦਾ ਮਾਣ-ਸਨਮਾਨ ਕਰਦੇ ਹਾਂ।

48. ਅਰਜ਼ੀ (6)

ਮੰਨ ਲਓ ਕਿ ਤੁਹਾਡਾ ਨਾਂ ਜਸਨੂਰ ਹੈ ਤੇ ਤੁਸੀਂ ਆਪਣੇ ਸਕੂਲ ਵਿੱਚ ਪੰਜਵੀਂ ਜਮਾਤ ਦੇ ਵਿਦਿਆਰਥੀ/ਵਿਦਿਆਰਥਣ ਹੋ। ਆਪਣੇ ਸਕੂਲ ਦੇ ਮੁੱਖ-ਅਧਿਆਪਕ ਜੀ ਨੂੰ ਬਿਮਾਰੀ ਸੰਬੰਧੀ ਦੋ ਦਿਨ ਦੀ ਛੁੱਟੀ ਲੈਣ ਲਈ ਅਰਜ਼ੀ ਲਿਖੋ।

ਸੇਵਾ ਵਿਖੇ

ਮੁੱਖ-ਅਧਿਆਪਕ ਜੀ

ਬਾਲ ਭਾਰਤੀ ਪਬਲਿਕ ਸਕੂਲ

ਲੁਧਿਆਣਾ

ਵਿਸ਼ਾ- ਬਿਮਾਰੀ ਲਈ ਛੁੱਟੀ ਲੈਣ ਸੰਬੰਧੀ।

ਸ਼੍ਰੀ ਮਾਨ ਜੀ,

ਬੇਨਤੀ ਇਹ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਪੰਜਵੀਂ ਜਮਾਤ ਦਾ/ਦੀ ਵਿਦਿਆਰਥੀ/ਵਿਦਿਆਰਥਣ ਹਾਂ।ਮੈਨੂੰ ਕੱਲ੍ਹ ਸਕੂਲ ਤੋਂ ਘਰ ਵਾਪਿਸ ਆਉਂਦੇ ਹੀ ਬੁਖਾਰ ਹੋ ਗਿਆ ਹੈ।ਡਾਕਟਰ ਨੇ ਵੀ ਮੈਨੂੰ ਆਰਾਮ ਕਰਨ ਲਈ ਕਿਹਾ ਹੈ।ਇਸ ਲਈ ਮੈਂ ਅੱਜ ਸਕੂਲ ਵਿੱਚ ਹਾਜ਼ਰ ਨਹੀਂ ਹੋ ਸਕਦਾ/ਸਕਦੀ।ਕਿਰਪਾ ਕਰਕੇ ਮੈਨੂੰ ਦੋ ਦਿਨ ਦੀ ਛੁੱਟੀ ਦਿੱਤੀ ਜਾਵੇ।

ਮੈਂ ਆਪ ਜੀ ਦਾ/ਦੀ ਅਤਿ ਧੰਨਵਾਦੀ ਹੋਵਾਂਗਾ/ਹੋਵਾਂਗੀ।

ਆਪ ਜੀ ਦਾ/ਦੀ ਆਗਿਆਕਾਰੀ

ਨਾਮ – ਜਸਨੂਰ<br>ਜਮਾਤ –ਪੰਜਵੀਂ<br>ਰੋਲ ਨੰਬਰ – ______

ਮਿਤੀ – 7 ਮਾਰਚ, 2025

49. ਹੇਠ ਲਿਖੇ ਚਿੱਤਰ ਨੂੰ ਵੇਖ ਕੇ ਚਾਰ ਸਤਰਾਂ ਲਿਖੋ। (4)



(ੳ) ਇਹ ਚਿੱਤਰ ਇੱਕ ਜੰਗਲ ਦਾ ਹੈ।

(ਅ) ਇਸ ਵਿੱਚ ਇੱਕ ਖੂਹ ਵਿੱਚ ਇੱਕ ਚੀਤਾ, ਇੱਕ ਸੱਪ ਅਤੇ ਇੱਕ ਆਦਮੀ ਗਿਰੇ ਹੋਏ ਦਿਖਾਏ ਗਏ ਹਨ।

(ੲ) ਇੱਕ ਆਦਮੀ ਵੀ ਖੂਹ ਦੇ ਕੋਲ ਖੜ੍ਹਾ ਹੈ।

(ਸ) ਜੰਗਲ ਵਿੱਚ ਬਹੁਤ ਸਾਰੇ ਪੇੜ-ਪੌਦੇ ਵੀ ਨਜ਼ਰ ਆ ਰਹੇ ਹਨ। (ਕੋਈ ਵੀ ਹੋਰ)